# ਅੰਮ੍ਰਿਤਸਰ ਵਿਕਾਸ ਅਥਾਰਟੀ

ਪੁੱਡਾ ਭਵਨ,ਐਸ.ਜੀ.ਆਰ.ਡੀ.ਅਰਬਨ ਅਸਟੇਟ, ਏਅਰਪੋਰਟ ਰੋਡ, ਅੰਮ੍ਰਿਤਸਰ।

## ਪਬਲਿਕ ਨੋਟਿਸ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ ਵੱਲੋਂ ਰਿਹਾਇਸ਼ੀ ਕਲੋਨੀ "Experion Virsa" (ਰਕਬਾ 93.265 ਏਕੜ) ਪਿੰਡ ਮਾਨਾਵਾਲਾ, ਰੱਖਝੀਤਾ ਅਤੇ ਬਿਸ਼ੰਬਰਪੁਰਾ, ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਨੂੰ ਲਾਇਸੰਸ ਨੰ. LDC-ADA/2019/40 ਮਿਤੀ 13/06/2019 ਰਾਹੀ ਜਾਰੀ ਕੀਤਾ ਗਿਆ ਹੈ ਅਤੇ ਇਸ ਦਫਤਰ ਵੱਲੋਂ ਕਲੋਨੀ ਦਾ ਰਿਵਾਈਜ਼ਡ ਲੇ-ਆਊਟ ਪਲੈਨ ਡਰਾਇੰਗ ਨੰ. SB/A/01 ਮਿਤੀ 28/04/2022 ਜਾਰੀ ਕੀਤਾ ਗਿਆ ਸੀ। ਹੁਣ ਸੀਨੀਅਰ ਨਗਰ ਯੋਜਨਾਕਾਰ, ਅੰਮ੍ਰਿਤਸਰ ਵੱਲੋਂ ਪ੍ਰਮੋਟਰ ਦੀ ਪ੍ਰਤੀਬੇਨਤੀ ਅਨੁਸਾਰ ਕਲੋਨੀ ਦਾ ਰਿਵਾਈਜ਼ਡ ਲੇ-ਆਊਟ ਪਲੈਨ ਡਰਾਇੰਗ ਨੰ. SB/A/01 ਮਿਤੀ 12/05/2025 ਤਕਨੀਕੀ ਪੱਖੋਂ ਸਹੀ ਕਰਨ ਉਪਰੰਤ ਇਸ ਦਫਤਰ ਨੂੰ ਭੇਜਿਆ ਗਿਆ ਹੈ, ਜਿਸ ਨਾਲ ਕਲੋਨੀ ਵਿੱਚਲਾ ਪਹਿਲਾਂ ਤੋਂ ਪ੍ਰਵਾਣਿਤ ਰਕਬਾ ਪ੍ਰਭਾਵਿਤ ਹੋ ਰਿਹਾ ਹੈ। ਕਲੋਨੀ ਦਾ ਪਹਿਲਾਂ ਤੋਂ ਪ੍ਰਵਾਨਿਤ ਲੇ-ਆਊਟ ਪਲੈਨ ਡਰਾਇੰਗ ਨੰ SB/A/01 ਮਿਤੀ 28/04/2022 ਅਤੇ ਹੁਣ ਰਿਵਾਈਜ ਕੀਤਾ ਜਾਣ ਵਾਲਾ ਲੇ-ਆਊਟ ਪਲੈਨ ਡਰਾਇੰਗ SB/A/01 ਮਿਤੀ 12/05/2025 ਲਾਇਸੰਸ ਬ੍ਰਾਂਚ, ਅੰਮ੍ਰਿਤਸਰ ਵਿਕਾਸ ਅਥਾਰਟੀ, ਅੰਮ੍ਰਿਤਸਰ, ਪੁੱਡਾ ਭਵਨ, ਐਸ.ਜੀ.ਆਰ.ਡੀ.ਅਰਬਨ ਅਸਟੇਟ, ਏਅਰਪੋਰਟ ਰੋਡ, ਅੰਮ੍ਰਿਤਸਰ ਵਿਖੇ ਅਤੇ ਇਸ ਦਫਤਰ ਦੀ ਵੈਬ ਸਾਈਟ http://www.adaamritsar.gov.in ਤੇ ਵੇਖਿਆ ਜਾ ਸਕਦਾ ਹੈ।

ਇਸ ਕਲੋਨੀ ਦੇ ਰਿਵਾਈਜਡ ਕੀਤੇ ਜਾਣ ਵਾਲੇ ਲੇ-ਆਊਟ ਪਲੈਨ ਡਰਾਇੰਗ ਨੰ. SB/A/01 ਮਿਤੀ 12/05/2025 ਸਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ ਪਬਲਿਕ ਨੋਟਿਸ ਦੇ ਅਖਬਾਰ ਵਿਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਆਪਣਾ ਇਤਰਾਜ ਨਿੱਜੀ ਤੌਰ ਤੇ, ਆਪਣੇ ਨੁਮਾਇੰਦੇ ਰਾਹੀਂ ਜਾਂ ਰਜਿਸਟਰਡ ਪੱਤਰ ਰਾਹੀਂ ਨਿਮਨ ਹਸਤਾਖਰ ਨੂੰ ਪੇਸ਼ ਕਰ ਸਕਦਾ ਹੈ। ਨਿਯਤ ਸਮੇਂ ਤੋ ਬਾਅਦ ਪ੍ਰਾਪਤ ਹੋਏ ਇਤਰਾਜ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਰਿਹਾਇਸ਼ੀ ਕਲੋਨੀ "Experion Virsa" (ਰਕਬਾ 93.265 ਏਕੜ) ਪਿੰਡ ਮਾਨਾਵਾਲਾ, ਰੱਖਝੀਤਾ ਅਤੇ ਬਿਸ਼ੰਬਰਪੁਰਾ, ਤਹਿਸੀਲ ਅਤੇ ਜਿਲ੍ਹਾ ਅੰਮ੍ਰਿਤਸਰ ਦਾ ਰਿਵਾਈਜਡ ਲੇ-ਆਊਟ ਪਲੈਨ ਜਾਰੀ ਕਰਨ ਸਬੰਧੀ ਅਗਲੇਰੀ ਕਾਰਵਾਈ ਆਰੰਭ ਦਿੱਤੀ ਜਾਵੇਗੀ।

ਮੁੱਖ ਪ੍ਰਸ਼ਾਸਕ
ਅੰਮ੍ਰਿਤਸਰ ਵਿਕਾਸ ਅਥਾਰਟੀ
ਅੰਮ੍ਰਿਤਸਰ।

Scanned with OKEN Scanner

